



## ਕੈਲੀਫੋਰਨੀਆ ਦੇ ਪਬਲਿਕ ਸਕੂਲ – K–12 ਜ਼ਿਲ੍ਹੇ, ਕਾਲੇਜਾਂ ਅਤੇ ਯੂਨੀਵਰਸਿਟੀਆਂ ਸਮੇਤ – ਵਿਦਿਆਰਥੀਆਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਮੁਫ਼ਤ ਵਿਵਹਾਰ ਸਬੰਧੀ ਸਿਹਤ ਸੇਵਾਵਾਂ ਪੇਸ਼ ਕਰਦੇ ਹਨ—ਇਹ ਤੁਹਾਡੇ ਲਈ ਅਤੇ ਤੁਹਾਡੇ ਪਰਿਵਾਰ ਲਈ ਵੀ ਮੁਫ਼ਤ ਹਨ।

**ਇਹ ਸਹਾਇਤਾ ਸੁਰੱਖਿਅਤ, ਗੁਪਤ ਹੈ ਅਤੇ ਕੈਂਪਸ ਵਿੱਚ ਜਾਂ ਸਕੂਲ-ਅਧਾਰਤ ਪ੍ਰੋਗਰਾਮਾਂ ਰਾਹੀਂ ਉਪਲਬਧ ਹੈ।**

## ਹਰ ਵਿਦਿਆਰਥੀ ਦੇਖਭਾਲ ਤੱਕ ਪਹੁੰਚ ਦਾ ਹੱਕਦਾਰ ਹੈ।

**ਆਓ, ਕੈਲੀਫੋਰਨੀਆ ਦੇ ਬੱਚਿਆਂ ਅਤੇ ਨੌਜਵਾਨਾਂ ਦੀ ਤੰਦਰੁਸਤੀ ਨੂੰ ਬਿਹਤਰ ਬਣਾਉਣ ਲਈ ਮਿਲ ਕੇ ਕੰਮ ਕਰੀਏ।**

CYBHI Children and Youth Behavioral Health Initiative | DHCS California Department of Health Care Services

ਸਾਡੇ ਨਾਲ ਸੋਸ਼ਲ ਮੀਡੀਆ ਤੇ ਜੁੜੋ:
linktr.ee/medicaldhcs



**ਕੈਲੀਫੋਰਨੀਆ ਦੇ ਵਿਦਿਆਰਥੀਆਂ ਲਈ ਉਪਲਬਧ ਮੁਫ਼ਤ ਵਿਵਹਾਰ ਸਬੰਧੀ ਸਿਹਤ ਸੇਵਾਵਾਂ**

# ਤੁਹਾਡੇ ਬੱਚੇ ਦੀ ਮਾਨਸਿਕ ਤੰਦਰੁਸਤੀ ਲਈ ਸਹਾਇਤਾ— ਤੁਹਾਡੇ ਲਈ ਮੁਫ਼ਤ ਹੈ।

DHCS California Department of Health Care Services

## ਵਿਵਹਾਰ ਸਬੰਧੀ ਸਿਹਤ ਦੇਖਭਾਲ ਕੀ ਹੈ?

ਵਿਵਹਾਰ ਸਬੰਧੀ ਸਿਹਤ ਦੇਖਭਾਲ ਵਿੱਚ ਮਾਨਸਿਕ ਸਿਹਤ ਅਤੇ ਨਸ਼ੀਲੇ ਪਦਾਰਥਾਂ ਦੇ ਸੇਵਨ ਸਬੰਧੀ ਵਿਕਾਰਾਂ ਲਈ ਸਹਾਇਤਾ ਸ਼ਾਮਲ ਹੈ। ਵਿਦਿਆਰਥੀ ਅਤੇ ਉਹਨਾਂ ਦੇ ਪਰਿਵਾਰ ਹੇਠਾਂ ਦਿੱਤਿਆਂ ਲਈ ਮਦਦ ਪ੍ਰਾਪਤ ਕਰ ਸਕਦੇ ਹਨ:

- ਤਣਾਅ, ਚਿੰਤਾ, ਜਾਂ ਡਿਪਰੈਸ਼ਨ
- ਮਾਨਸਿਕ ਸੰਘਰਸ਼
- ਨਸ਼ੀਲੇ ਪਦਾਰਥਾਂ ਦਾ ਸੇਵਨ ਜਾਂ ਝੱਸ
- ਸਧਾਰਨ ਮਾਨਸਿਕ ਤੰਦਰੁਸਤੀ

## ਇਹ ਕਿਵੇਂ ਕੰਮ ਕਰਦਾ ਹੈ?

ਕਈ ਸਕੂਲ ਪਹਿਲਾਂ ਤੋਂ ਹੀ ਮਾਨਸਿਕ ਸਿਹਤ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਇੱਕ ਨਵਾਂ ਰਾਜ ਪ੍ਰੋਗਰਾਮ - ਬਾਲ ਅਤੇ ਨੌਜਵਾਨ ਵਿਵਹਾਰ ਸਬੰਧੀ ਸਿਹਤ ਪਹਿਲਕਦਮੀ (CYBHI) ਫੀਸ ਸ਼ੈਡਿਊਲ ਪ੍ਰੋਗਰਾਮ - 0-25 ਸਾਲ ਦੇ ਵਿਦਿਆਰਥੀਆਂ ਲਈ ਇਹ ਸੇਵਾਵਾਂ ਪ੍ਰਦਾਨ ਕਰਨ ਲਈ ਸਿਹਤ ਬੀਮਾ ਪ੍ਰੋਗਰਾਮਾਂ ਰਾਹੀਂ ਭੁਗਤਾਨ ਪ੍ਰਾਪਤ ਕਰਨ ਵਿੱਚ ਸਕੂਲਾਂ ਦੀ ਮਦਦ ਕਰਦਾ ਹੈ, ਭਾਵੇਂ ਤੁਹਾਡੇ ਕੋਲ Medi-Cal, ਵਿਵਸਾਇਕ ਸਿਹਤ ਦੇਖਭਾਲ ਜਾਂ ਅਪਾਹਜਪੁਣਾ ਬੀਮਾ ਹੈ ਜਾਂ ਨਹੀਂ।

## ਕੀ ਇਹ ਮੇਰੀ ਕਵਰੇਜ ਨੂੰ ਪ੍ਰਭਾਵਿਤ ਕਰੇਗਾ ਜਾਂ ਮੈਨੂੰ ਕੋਈ ਖ਼ਰਚਾ ਕਰਨਾ ਪਵੇਗਾ?

**ਨਹੀਂ। ਇਹ ਸੇਵਾਵਾਂ ਪਰਿਵਾਰਾਂ ਨੂੰ ਬਿਨਾਂ ਵਾਧੂ ਖ਼ਰਚੇ ਦੇ ਪ੍ਰਦਾਨ ਕੀਤੀਆਂ ਜਾਂਦੀਆਂ ਹਨ।**

- ਇਹਨਾਂ ਵਾਸਤੇ ਤੁਹਾਨੂੰ ਬਿਲ **ਨਹੀਂ** ਭੇਜਿਆ ਜਾਵੇਗਾ।
- ਤੁਹਾਡੇ ਤੋਂ ਕਦੇ ਵੀ ਸਹਿ-ਭੁਗਤਾਨ ਜਾਂ ਕਟੌਤੀ ਯੋਗ ਰਕਮ **ਨਹੀਂ** ਲਈ ਜਾਵੇਗੀ।
- ਤੁਹਾਡੀ ਕਵਰੇਜ ਪਰ੍ਭਾਵਿਤ **ਨਹੀ** ਹੋਵੇਗੀ।

## ਮੈਨੂੰ ਕੀ ਕਰਨ ਦੀ ਲੋੜ ਹੈ?

ਜੇਕਰ ਤੁਹਾਡਾ ਬੱਚਾ 18 ਸਾਲ ਤੋਂ ਘੱਟ ਉਮਰ ਦਾ ਹੈ, ਕੈਲੀਫੋਰਨੀਆ ਦੇ ਪਬਲਿਕ ਸਕੂਲ ਵਿੱਚ ਜਾਂਦਾ ਹੈ, ਅਤੇ ਸਕੂਲ ਵਿਖੇ ਵਿਵਹਾਰ ਸਬੰਧੀ ਸਿਹਤ ਸੇਵਾਵਾਂ ਪ੍ਰਾਪਤ ਕਰਦਾ ਹੈ, ਤਾਂ ਤੁਹਾਨੂੰ ਹੇਠਾਂ ਦਿੱਤੇ ਕੰਮ ਕਰਨ ਲਈ ਆਖਿਆ ਜਾ ਸਕਦਾ ਹੈ:

- ਸਹਿਮਤੀ ਫਾਰਮ ਤੇ ਦਸਤਖ਼ਤ ਕਰੋ
- ਆਪਣੇ ਬੱਚੇ ਦੀ ਸਿਹਤ ਬੀਮਾ ਜਾਣਕਾਰੀ ਅੱਪਡੇਟ ਕਰੋ, ਜਿਵੇਂ:
  - ਉਹਨਾਂ ਦੇ ਬੀਮਾ ਕਾਰਡ ਦੀ ਕਾਪੀ, ਅਤੇ/ਜਾਂ
  - ਉਹਨਾਂ ਦੇ ਸਿਹਤ ਪਲਾਨ ਦਾ ਨਾਮ, ਪਾਲਸੀ ਨੰਬਰ, ਅਤੇ ਤੁਹਾਡਾ ਨਾਮ (ਜੇਕਰ ਪਾਲਸੀ ਤੁਹਾਡੇ ਨਾਮ ਤੇ ਹੈ)।

ਜੇਕਰ ਤੁਸੀਂ 18 – 25 ਸਾਲ ਦੇ ਹੋ ਤਾਂ ਤੁਸੀਂ ਵੀ ਇਹਨਾਂ ਸੇਵਾਵਾਂ ਲਈ ਯੋਗ ਹੋ ਸਕਦੇ ਹੋ।

## ਕੀ ਮੇਰੀ ਜਾਣਕਾਰੀ ਸੁਰੱਖਿਅਤ ਹੈ?

**ਹਾਂ। ਤੁਹਾਡੀ ਨਿੱਜਤਾ ਸੁਰੱਖਿਅਤ ਹੈ।**
ਤੁਹਾਡੀ ਬੀਮਾ ਜਾਣਕਾਰੀ ਸਿਰਫ਼ ਸੇਵਾਵਾਂ ਲਈ ਭੁਗਤਾਨ ਕਰਨ ਵਾਸਤੇ ਸਕੂਲ ਦੀ ਮਦਦ ਲਈ ਵਰਤੀ ਜਾਵੇਗੀ।

ਤੁਹਾਡੇ ਅਤੇ ਤੁਹਾਡੇ ਬੱਚੇ ਕੋਲ ਕੈਲੀਫੋਰਨੀਆ ਅਤੇ ਸੰਘੀ ਕਨੂੰਨ ਦੋਵਾਂ ਹੇਠ ਗੁਪਤਤਾ ਅਤੇ ਸੁਰੱਖਿਆ ਦੇ ਕਨੂੰਨੀ ਅਧਿਕਾਰ ਹਨ।

**ਜੇਕਰ ਤੁਹਾਨੂੰ ਮਦਦ ਦੀ ਲੋੜ ਹੈ ਜਾਂ ਕੋਈ ਸਵਾਲ ਹਨ, ਤਾਂ ਆਪਣੇ ਸਕੂਲ ਐਡਮਿਨਿਸਟ੍ਰੇਟਰ ਨੂੰ ਪੁੱਛੋ, www.dhcs.ca.gov/CYBHI ਤੇ ਜਾਓ, ਜਾਂ DHCS.SBS@dhcs.ca.gov ਤੇ ਈਮੇਲ ਕਰੋ।**

### ਕੀ ਤੁਹਾਨੂੰ ਸਿਹਤ ਬੀਮਾ ਕਵਰੇਜ ਦੀ ਲੋੜ ਹੈ?

ਤੁਸੀਂ Medi-Cal ਲਈ ਯੋਗ ਹੋ ਸਕਦੇ ਹੋ।
ਕਵਰ ਕੀਤੇ ਜਾਣ ਲਈ ਅੱਜ ਹੀ QR ਕੋਡ ਨੂੰ ਸਕੈਨ ਕਰੋ ਜਾਂ my.medi-cal.ca.gov ਤੇ ਜਾਓ।



